ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ:ਪਸਸਬ-ਸਸ(ਕਸ)2025/ 2525 ਮਿਤੀ 04/08/2025 ਐਸ.ਏ.ਐਸ.ਨਗਰ

**ਵਿਸ਼ਾ:-** **ਦਸਵੀਂ ਅਤੇ ਬਾਰਵੀਂ ਸ਼੍ਰੇਣੀ (ਅਗਸਤ 2025) ਦੀ ਅਨੁਪੂਰਕ ਅਤੇ ਓਪਨ ਸਕੂਲ ਬਲਾਕ II ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।**

ਸ੍ਰੀਮਾਨ ਜੀ,

1. **ਦਸਵੀਂ ਅਤੇ ਬਾਰਵੀਂ ਸ਼੍ਰੇਣੀ (ਅਗਸਤ 2025) ਦੀ ਅਨੁਪੂਰਕ ਅਤੇ ਓਪਨ ਸਕੂਲ ਬਲਾਕ II** ਪ੍ਰੀਖਿਆ ਮਿਤੀ 8.8.2025 ਤੋਂ 29.8.2025 ਤੱਕ ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਜਿਲਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਮਿਤੀ 6.8.2025ਨੂੰ ਪ੍ਰਿੰਸ਼ੀਪਲ -ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਆਪਣੀ ਹਾਜਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ ਬੈਂਕ ਵਿੱਚ ਰਖਵਾਉਣਗੇ। ਕੇਵਲ ਕੇਂਦਰ ਕੰਟਰੋਲਰ ਕਮ ਪ੍ਰਿੰਸੀਪਲ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ।
3. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਬਾਰੇ ਪ੍ਰਸ਼ਨ ਪੱਤਰ ਪ੍ਰਾਪਤ ਕਰਨੇ ਬੈਂਕ ਵਿੱਚ ਰਖਵਾਉਣ ਸਮੇਂ ਹੀ ਡੇਟਸ਼ੀਟ ਵਿੱਚ ਦਰਜ ਜਿਲੇ ਨਾਲ ਸਬੰਧਤ ਸੁਪਰਡੰਟ ਦੇ ਮੋਬਾਇਲ ਨੰਬਰਾਂ ਇੰਟਰਕੋਮ ਨੰਬਰਾਂ ਅਤੇ ਮੇਲ ਆਈ.ਡੀ. ਤੇ ਮੁੱਖ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
4. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ (ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ) ਸਕੂਲ ਦੇ ਲੈਟਰ ਪੈਡ ਉਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ ਅਤੇ ਇਸ ਦੀ ਕਾਪੀ ਬੈਂਕ ਵਿੱਚ ਅਤੇ ਜਿਲੇ ਨਾਲ ਸਬੰਧਤ ਸਹਾਇਕ ਦੇ ਮੁਬਾਇਲ / whatsapp ਗਰੁੱਪ ਤੇ ਭੇਜੇਗਾ।
5. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਸਵੇਰੇ 9.30 ਵਜੇ (ਪ੍ਰੀਖਿਆ ਵਾਲੇ ਦਿਨ) ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਵੱਲੋਂ ਹੀ ਬੈਂਕ ਤੋਂ ਪ੍ਰਾਪਤ ਕੀਤੈ ਜਾਣ । ਨਾ ਟਾਲਣਯੋਗ ਹਲਾਤਾਂ ਵਿੱਚ ਜੇਕਰ ਕੋਈ ਡਿਊਟੀ ਸੌਂਪੀ ਜਾਣੀ ਹੈ ਤਾਂ ਸੀਨੀਅਰ ਮੋਸਟ ਲੈਕਚਰਾਰ ਅਧਿਆਪਕ ਨੂੰ ਸੌਂਪੀ ਜਾਵੇ। ਇਸ ਲਈ ਪ੍ਰਤੀ ਬੇਨਤੀ deoportal2019@gmail.com ਤੇ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਭੇਜ ਕੇ ਪ੍ਰਵਾਨਗੀ ਲਈ ਜਾਵੇ। ਇਸ ਸਬੰਧੀ ਨਾਲ ਨੱਥੀ ਸੂਚੀ ਅਨੁਸਾਰ ਆਪਣੇ ਜਿਲ੍ਹੇ ਨਾਲ ਸਬੰਧਤ ਡੀਲਿੰਗ ਸੁਪਰਡੰਟ ਅਤੇ ਸਹਾਇਕ ਨਾਲ ਸੰਪਰਕ ਕੀਤਾ ਜਾਵੇ।
6. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣ, ਟਰੰਕ ਦੇ ਇੱਕ ਤਾਲੇ ਦੀ ਚਾਬੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪਾਸ ਅਤੇ ਦੂਜੇ ਤਾਲੇ ਦੀ ਚਾਬੀ ਬੈਂਕ ਮੈਨੇਜਰ ਕੋਲ ਹੀ ਰੱਖੀ ਜਾਵੇ।
7. ਡੇਟਸ਼ੀਟ ਅਨੁਸਾਰ ਪ੍ਰਸ਼ਨ ਪੱਤਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ, ਬੈਂਕ ਵਿੱਚੋਂ ਪ੍ਰਸ਼ਨ ਪੱਤਰਾਂ ਦਾ ਪੈਕਟ ਪ੍ਰਾਪਤ ਕਰਦੇ ਸਮੇਂ ਦਰਜ ਵਿਸ਼ੇ /ਵਿਸ਼ਾ ਕੋਡ ਨੰਬਰ ਦਾ ਮਿਲਾਨ ਵੀ ਕੀਤਾ ਜਾਵੇ ਅਤੇ ਸੀਲਡ ਪ੍ਰਸ਼ਨ ਪੱਤਰ ਪੈਕਟ ਦੀ ਫੋਟੋ ਸਬੰਧਤ ਸੀਨੀਅਰ ਸਹਾਇਕ ਨਾਲ ਕੇਂਦਰ ਕੰਟਰੋਲਰਜ਼ ਦੇ ਬਣੇ whatsapp ਗਰੁੱਪ ਵਿੱਚ ਭੇਜੀ ਜਾਵੇ। ਬੈਂਕ ਵਿੱਚ ਰੱਖੇ ਰਜਿਸਟਰ ਵਿੱਚ ਵਿਸ਼ੇ ਦਾ ਨਾਂ ਅਤੇ ਵਿਸ਼ਾ ਕੋਡ ਨੰਬਰ, ਸਮਾਂ,ਮਿਤੀ ਵੀ ਦਰਜ ਕੀਤਾ ਜਾਵੇ ਅਤੇ ਹਸਤਾਖਰ ਵੀ ਕੀਤੇ ਜਾਣ, ਬੈਂਕ ਤੋਂ ਰਸੀਦ ਵੀ ਲਈ ਜਾਵੇ।
8. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਦਸਵੀਂ / ਬਾਰਵੀਂ ਦੇ ਪ੍ਰਸ਼ਨ ਪੱਤਰ ਅੱਧਾ ਘੰਟਾ ਪਹਿਲਾਂ ਪਹੁੰਚਾਉਣਾ ਯਕੀਨੀ ਬਣਾਉਣਗੇ ਅਤੇ ਕੇਂਦਰ ਸੁਪਰਡੰਟ ਨੂੰ ਸੌਂਪਣ ਸਮੇਂ ਦੀ ਫੋਟੋ ਸਬੰਧਤ ਡੀਲਿੰਗ ਸਹਾਇਕ ਨਾਲ ਬਣਾਏ whatsapp ਗਰੁੱਪ ਵਿੱਚ ਭੇਜੀ ਜਾਵੇ।
9. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸਨ ਪੱਤਰਾਂ ਦੇ ਪੈਕਟ ਬੈਂਕਾਂ ਦੀ ਸੇਫ ਕਸਟੱਡੀ ਵਿੱਚ PSEB-MATQ Mobile App ਰਾਹੀਂ SCAN ਕਰਨ ਉਪਰੰਤ ਰੱਖੇ ਜਾਣੇ ਹਨ। ਇਸ ਲਈ ਐਪ ਵਿੱਚ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
10. ਇਸ ਕਾਰਜ ਲਈ ਆਪਜੀ ਦੇ ਸਹਿਯੋਗ ਦੀ ਸਖਤ ਜਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਸਬੰਧਤ

ਸੁਪਰਡੰਟਜ਼ ਅਤੇ ਜਿਲਾ ਡੀਲਿੰਗ ਸਹਾਇਕਾਂ ਨਾਲ ਸੰਪਰਕ ਕੀਤਾ ਜਾਵੇ। ਜਿਲਾ ਡੀਲਿੰਗ ਸਹਾਇਕਾਂ ਦੀ ਲਿਸਟ ਨੱਥੀ ਹੈ।

ਨੱਥੀ:-ਡੇਟਸ਼ੀਟ

ਸਹੀ/
ਸੁਪਰਡੰਟ(ਕ.ਸ.ਕੰਨਫੀ.)

ਪਿੱਠ ਅੰਕਣ ਨੰ:ਪਸਸਬ-ਸਸ(ਕਸ)2025/2526 ਮਿਤੀ 04/08/2025 ਐਸ.ਏ.ਐਸ.ਨਗਰ

ਉਤਾਰਾ:-ਸਮੂਹ ਜਿਲਾ ਸਿੱਖਿਆ ਅਫਸਰ /ਮੈਨੇਜਰ , ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

4/8/25
ਸੁਪਰਡੰਟ(ਕ.ਸ.ਕੰਨਫੀ.)